**Vigilance Bureau Punjab**

**Vigilance nabs 182 persons red handed taking bribes in 131 traps during 2018 - BK Uppal**

- Punjab Police tops with 49 personnel followed by 35 of revenue
- Courts imprison 58 accused in 35 cases under corruption cases
- VB resolves to make Punjab ahead in curbing social malady
- Uppal urges public to use toll free helpline or lodge online Complaints

Chandigarh, January 9: Aiming to stamp out corruption from all public offices, the Punjab Vigilance Bureau (VB) adopted multi-pronged approach to corner the bribe seekers and generate awareness among the public during the year to make Punjab ahead in curbing the social malady. During last year, the VB has been able to nab 157 officials of different departments and 25 private persons while accepting bribes in 131 trap cases.

Disclosing this VB Chief Director-cum-ADGP, B.K. Uppal, said the Bureau had vowed to deal with corruption with an iron hand to end malpractices from all public offices, one of the promises made by Chief Minister Captain Amarinder Singh to the people of the state. 'Adopting a zero tolerance policy towards all forms of corruption, Bureau had nabbed 17 gazzeted officers (GOs) and 140 non-gazzetted officials (NGOs) since January 1 to December 30, 2018.

VB Chief revealed that during the year, apart from other departments, 49 personnel of Punjab Police, 35 of Revenue Department, 19 of Power, 12 of Panchayats and Rural Development, 6 of Health department, 4 of Local Bodies and 4 of Food & Civil Supply department were nabbed red handed while taking bribes in separate cases. He informed that DGP Punjab Suresh Arora had also asked the Bureau to take strict action against the corrupt police officers and officials.

Giving details about the performance of Bureau he added that VB had registered 22 criminal cases against 94 accused which include 22 GOs, 41 NGOs and 31 private persons. Apart from this, 77 Vigilance Enquires have also been registered to probe corruption complaints against 39 GOs, 49 NGOs and 39 private persons. Besides, disproportionate Assets cases were also registered against four NGOs, said Mr Uppal.

He further added that to implement the anti-corruption policy of Punjab Chief Minister, the Vigilance officers have made all efforts to ensure that no suspect should escape punishment in the special courts and ensured timely submission of evidence, arguments and proper 'pairvi' in the courts.

Uppal further informed that the Bureau had been able to complete 31 Vigilance Enquiries and secured 36 percent conviction rate in vigilance cases from special courts during the year. Various special courts have sentenced 58 accused in 35 cases under prevention of corruption act which includes 6 GOs, 38 NGOs and 14 private persons and awarded with imprisonments from one year to ten years. The courts have also imposed fines from Rs. 5,000 to 2 lakh in these cases which amounts to total sum of Rs. 1,56,98,000, he added.

Mr Uppal also informed that the state government had terminated the services of two GO and ten NGOs on the recommendations of VB after registration of corruption cases against them and imprisonments thereafter.

Giving details of prominent cases he informed that Gulshan Kumar Executive Engineer and Chief Engineer Parmjit Singh Ghuman of Irrigation department (Irrigation Scam), DDPO Gurinder Singh Sarao, Tehsildar Kuldeep Singh, BDPO Malvinder Singh, BDPO Jatinder Singh of Rural Development and Panchayat Department (Jheorheri Scam), Inspector

Amandeep Singh, Senior Assistant Sukhpreet Singh and Guru ji alias Master ji of PUNSUP Department (Recruitment Scam) were arrested during last year.

To check malpractices in different departments, Uppal said the VB had made several surprise checks in the state during the year which mainly includes illegal plying of private buses, checking of ambulances, foodgrain markets during Rabi and Kharif seasons. Apart from this, seminars, rallies, radio talks, painting competitions were also organized in educational institutes, Panchayats, NGOs, offices to educate the public about corruption. During the Vigilance Awareness Week pamphlets were distributed and integrity pledge was also administered to all the officers and employees of the bureau," he added.

Vigilance Chief has asked the public as well as honest public servants to help the Bureau in its anti-corruption drive in the state and inform the Bureau on its toll free helpline 1800-1800-1000 or lodge online complaints on VB website if any public servant demands bribe. He assured that information and identity of the informers would be kept strictly confidential.

---------------------------

ਵਿਜੀਲੈਂਸ ਬਿਊਰੋ ਪੰਜਾਬ

ਵਿਜੀਲੈਂਸ ਨੇ ਪਿਛਲੇ ਸਾਲ 131 ਕੇਸਾਂ 'ਚ 182 ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਕੀਤਾ ਕਾਬੂ- ਬੀ ਕੇ ਉੱਪਲ

· ਪੰਜਾਬ ਪੁਲੀਸ 49 ਜਵਾਨਾਂ ਦੀ ਗ੍ਰਿਫਤਾਰੀ ਨਾਲ ਸਭ ਤੋਂ ਉਪਰ ਅਤੇ 35 ਮਾਲ ਮਹਿਕਮਾਂ ਦੂਜੇ ਥਾਂ 'ਤੇ

· ਭ੍ਰਿਸ਼ਟਾਚਾਰ ਦੇ 35 ਕੇਸਾਂ 'ਚ 58 ਮੁਲਜ਼ਮਾਂ ਨੂੰ ਅਦਾਲਤਾਂ ਵਲੋਂ ਕੈਦ ਤੇ ਜੁਰਮਾਨੇ

· ਭ੍ਰਿਸ਼ਟਾਚਾਰ ਦੀ ਸਮਾਜਿਕ ਬੁਰਾਈ ਨੂੰ ਰੋਕਣ ਲਈ ਪੰਜਾਬ ਨੂੰ ਮੋਹਰੀ ਬਨਾਉਣ ਲਈ ਵਿਜੀਲੈਂਸ ਦ੍ਰਿੜ

ਉਪੱਲ ਵਲੋਂ ਜਨਤਾ ਨੂੰ ਟੋਲ ਫਰੀ ਹੈਲਪਲਾਇਨ ਵਰਤਣ ਜਾਂ ਆਨਲਾਈਨ ਸ਼ਿਕਾਇਤਾਂ ਦਰਜ ਕਰਨ ਦੀ ਅਪੀਲ

ਚੰਡੀਗੜ੍ਹ, 9 ਜਨਵਰੀ : ਪੰਜਾਬ ਦੇ ਸਮੂਹ ਸਰਕਾਰੀ ਦਫਤਰਾਂ ਵਿਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਮਕਸਦ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਰਿਸ਼ਵਤਖੋਰਾਂ ਨੂੰ ਗ੍ਰਿਫਤਾਰ ਕਰਨ ਅਤੇ ਲੋਕਾਂ ਨੂੰ ਇਸ ਬੁਰਾਈ ਸਬੰਧੀ ਜਾਗਰੂਕ ਕਰਨ ਲਈ ਬਹੁ-ਪੱਖੀ ਪਹੁੰਚ ਅਪਣਾਈ ਹੈ ਜਿਸ ਤਹਿਤ ਪਿਛਲੇ ਸਾਲ ਦੌਰਾਨ 131 ਕੇਸਾਂ ਵਿਚ ਰਿਸ਼ਵਤ ਲੈਂਦੇ ਹੋਏ ਵੱਖ-ਵੱਖ ਵਿਭਾਗਾਂ ਦੇ 157 ਅਧਿਕਾਰੀਆਂ ਅਤੇ 25 ਪ੍ਰਾਈਵੇਟ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ।

ਇਹ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਦੇ ਚੀਫ਼ ਡਾਇਰੈਕਟਰ-ਕਮ-ਏ.ਡੀ.ਜੀ.ਪੀ., ਬੀ.ਕੇ. ਉੱਪਲ ਨੇ ਦੱਸਿਆ ਕਿ ਬਿਓਰੋ ਨੇ ਜਨਤਕ ਦਫਤਰਾਂ ਤੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਪੂਰੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਮੁਹਿੰਮ ਚਲਾਈ ਜੋ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਰਾਜ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਵਿੱਚੋਂ ਇਕ ਹੈ। ਉਨ੍ਹਾਂ ਦੱਸਿਆ ਕਿ ਭ੍ਰਿਸ਼ਟਾਚਾਰ ਵਿਰੁੱਧ ਸਖਤੀ ਦੀ ਪਾਲਣਾ ਕਰਦਿਆਂ, ਬਿਊਰੋ ਨੇ 1 ਜਨਵਰੀ ਤੋਂ 30 ਦਸੰਬਰ, 2018 ਤਕ 17 ਗਜਟਿਡ ਅਫ਼ਸਰਾਂ (ਜੀ ਓ) ਅਤੇ 140 ਗੈਰ-ਗਜਟਿਡ ਮੁਲਾਜਮਾਂ (ਐੱਨ ਜੀ ਓ) ਨੂੰ ਕਾਬੂ ਕੀਤਾ ਗਿਆ।

ਵਿਜੀਲੈਂਸ ਚੀਫ ਨੇ ਖੁਲਾਸਾ ਕੀਤਾ ਕਿ ਪਿਛਲੇ ਸਾਲ ਦੌਰਾਨ, ਹੋਰਨਾਂ ਵਿਭਾਗਾਂ ਤੋਂ ਇਲਾਵਾ ਪੰਜਾਬ ਪੁਲਿਸ ਦੇ 49 ਕਰਮਚਾਰੀ, ਮਾਲ ਵਿਭਾਗ ਦੇ 35, ਬਿਜਲੀ ਵਿਭਾਗ ਦੇ 19, ਪੰਚਾਇਤਾਂ ਅਤੇ ਪੇਂਡੂ ਵਿਕਾਸ ਦੇ 12, ਸਿਹਤ ਵਿਭਾਗ ਦੇ 6, ਸਥਾਨਕ ਸਰਕਾਰਾਂ ਦੇ 4 ਅਤੇ ਖੁਰਾਕ ਦੇ ਵੰਡ ਵਿਭਾਗ ਦੇ 4 ਮੁਲਾਜਮ ਵੱਖੋਂ ਵੱਖਰੇ ਮਾਮਲਿਆਂ ਵਿਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਫੜੇ ਗਏ। ਉਨ੍ਹਾਂ ਦੱਸਿਆ ਕਿ ਡੀ.ਜੀ.ਪੀ. ਪੰਜਾਬ ਸੁਰੇਸ਼ ਅਰੋੜਾ ਨੇ ਬਿਓਰੋ ਨੂੰ ਭ੍ਰਿਸ਼ਟ ਪੁਲਿਸ ਅਫਸਰਾਂ ਅਤੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ।

ਬਿਊਰੋ ਦੀ ਕਾਰਗੁਜ਼ਾਰੀ ਬਾਰੇ ਵੇਰਵੇ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਜੀਲੈਂਸ ਨੇ 94 ਮੁਲਜ਼ਮਾਂ ਦੇ ਖਿਲਾਫ 22 ਅਪਰਾਧਕ ਮਾਮਲੇ ਦਰਜ ਕੀਤੇ ਹਨ ਜਿਨ੍ਹਾਂ ਵਿਚ 22 ਸਰਕਾਰੀ ਕਰਮਚਾਰੀ, 41 ਗੈਰ ਗਜਟਿਡ ਕਰਮਚਾਰੀ ਅਤੇ 31 ਆਮ ਵਿਅਕਤੀ ਸ਼ਾਮਲ ਹਨ। ਇਸ ਤੋ ਇਲਾਵਾ 39 ਗਜਟਿਡ, 49 ਗੈਰ-ਗਜਟਿਡ ਅਤੇ 39 ਪ੍ਰਾਈਵੇਟ ਵਿਅਕਤੀਆਂ ਵਿਰੁੱਧ ਭ੍ਰਿਸ਼ਟਾਚਾਰ ਸਬੰਧੀ ਸ਼ਿਕਾਇਤਾਂ ਦੀ ਜਾਂਚ ਲਈ 77 ਵਿਜੀਲੈਂਸ ਇੰਕੁਆਰੀਆਂ ਵੀ ਦਰਜ ਕੀਤੀਆਂ ਗਈਆਂ। ਇਸ ਤੋਂ ਇਲਾਵਾ, ਚਾਰ ਗੈਰ-ਗਜਟਿਡ ਕਰਮਚਾਰੀਆਂ ਦੇ ਖਿਲਾਫ ਆਮਦਨੀ ਤੋਂ ਵੱਧ ਜਾਇਦਾਦ ਬਣਾਉਣ ਦੇ ਕੇਸ ਵੀ ਦਰਜ ਕੀਤੇ ਗਏ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਨੂੰ ਲਾਗੂ ਕਰਨ ਲਈ ਵਿਜੀਲੈਂਸ ਅਫ਼ਸਰਾਂ ਨੇ ਇਹ ਯਕੀਨੀ ਬਣਾਉਣ ਲਈ ਸਾਰੇ ਯਤਨ ਕੀਤੇ ਕਿ ਕੋਈ ਵੀ ਸ਼ੱਕੀ ਵਿਸ਼ੇਸ਼ ਅਦਾਲਤਾਂ ਵਿਚ

ਚਲਦੇ ਕੇਸਾਂ ਦੌਰਾਨ ਚਲਦੇ ਕੇਸਾਂ ਦੌਰਾਨ ਸਜ਼ਾ ਤੋਂ ਬਚਕੇ ਨਾ ਨਿਕਲ ਸਕੇ ਅਤੇ ਤਫਤੀਸ਼ੀ ਅਧਿਕਾਰੀਆਂ ਨੇ ਸਮੇਂ ਸਿਰ ਸਬੂਤ ਪੇਸ਼ ਕਰਦਿਆਂ ਦਲੀਲਾਂ ਅਤੇ ਸਹੀ ਪੈਰਵੀ ਅਦਾਲਤਾਂ ਵਿੱਚ ਕੀਤੀ।

ਉੱਪਲ ਨੇ ਅੱਗੇ ਦੱਸਿਆ ਕਿ ਬਿਊਰੋ ਪਿਛਲੇ ਸਾਲ ਵਿਚ 31 ਵਿਜੀਲੈਂਸ ਪੜਤਾਲਾਂ ਨੂੰ ਪੂਰਾ ਕਰਨ ਵਿਚ ਸਫਲ ਰਿਹਾ ਅਤੇ ਵਿਜੀਲੈਂਸ ਕੇਸਾਂ ਵਿਚ ਵਿਸ਼ੇਸ਼ ਅਦਾਲਤਾਂ ਤੋਂ 36 ਫੀਸਦੀ ਸਜ਼ਾ ਦਰ ਦੀ ਪ੍ਰਾਪਤੀ ਕੀਤੀ। ਵੱਖ-ਵੱਖ ਵਿਸ਼ੇਸ਼ ਅਦਾਲਤਾਂ ਨੇ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੇ ਤਹਿਤ 35 ਕੇਸਾਂ ਵਿਚ 58 ਮੁਲਜ਼ਮਾਂ ਨੂੰ ਸਜ਼ਾ ਸੁਣਾਈ ਹੈ, ਜਿਸ ਵਿਚ 6 ਗਜਟਿਡ, 38 ਗੈਰ-ਗਜਟਿਡ ਅਤੇ 14 ਪ੍ਰਾਈਵੇਟ ਵਿਅਕਤੀ ਸ਼ਾਮਲ ਹਨ ਜਿਨ੍ਹਾਂ ਨੂੰ ਇਕ ਸਾਲ ਤੋਂ ਦਸ ਸਾਲ ਤੱਕ ਕੈਦ ਦੀ ਸਜ਼ਾ ਸੁਣਾਈ ਗਈ। ਵਿਸੇਸ ਅਦਾਲਤਾਂ ਨੇ 5,000 ਰੁਪਏ ਤੋਂ 2 ਲੱਖ ਰੁਪਏ ਦੇ ਜੁਰਮਾਨੇ ਲਗਾਏ ਹਨ। ਇਨ੍ਹਾਂ ਮਾਮਲਿਆਂ ਵਿਚ ਕੁੱਲ 1,56,98,000, ਰੁਪਏ ਦਾ ਜੁਰਮਾਨਾ ਹੋਇਆ ਹੈ।

ਉੱਪਲ ਨੇ ਇਹ ਵੀ ਦੱਸਿਆ ਕਿ ਸਰਕਾਰੀ ਮੁਲਾਜਮਾਂ ਵਿਰੁੱਧ ਭ੍ਰਿਸ਼ਟਾਚਾਰ ਦੇ ਕੇਸਾ ਦਰਜ ਹੋਣ ਅਤੇ ਉਸ ਤੋਂ ਬਾਅਦ ਸਜਾਵਾਂ ਹੋਣ ਕਰਕੇ ਵਿਜੀਲੈਂਸ ਦੀਆਂ ਸਿਫਾਰਸ਼ਾਂ 'ਤੇ ਰਾਜ ਸਰਕਾਰ ਨੇ ਦੋ ਗਜਟਿਡ ਅਤੇ ਦਸ ਅਗਜਟੀ ਕਰਮਚਾਰੀਆਂ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਹਨ।

ਪ੍ਰਮੁੱਖ ਮਾਮਲਿਆਂ ਦੇ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਸਿੰਚਾਈ ਵਿਭਾਗ ਦੇ ਚੀਫ ਇੰਜੀਨੀਅਰ ਪਰਮਜੀਤ ਸਿੰਘ ਘੁੰਮਣ ਅਤੇ ਗੁਲਸ਼ਨ ਕੁਮਾਰ ਕਾਰਜਕਾਰੀ ਇੰਜੀਨੀਅਰ (ਸਿੰਜਾਈ ਘੋਟਾਲਾ), ਡੀਡੀਪੀਓ ਗੁਰਿੰਦਰ ਸਿੰਘ ਸਰਾਓ, ਤਹਿਸੀਲਦਾਰ ਕੁਲਦੀਪ ਸਿੰਘ, ਬੀਡੀਪੀਓ ਮਾਲਵਿੰਦਰ ਸਿੰਘ, ਬੀਡੀਪੀਓ ਜਤਿੰਦਰ ਸਿੰਘ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ (ਝਿਊਰਹੇੜੀ ਘੋਟਾਲਾ), ਇੰਸਪੈਕਟਰ ਅਮਨਦੀਪ ਸਿੰਘ, ਸੀਨੀਅਰ ਸਹਾਇਕ ਸੁਖਪ੍ਰੀਤ ਸਿੰਘ ਅਤੇ ਗੁਰੂ ਜੀ ਉਰਫ ਮਾਸਟਰ ਜੀ ਨੂੰ ਪਨਸਪ ਭਰਤੀ ਘੁਟਾਲੇ ਵਿੱਚ ਗ੍ਰਿਫਤਾਰ ਕੀਤਾ ਗਿਆ।

ਵੱਖ-ਵੱਖ ਵਿਭਾਗਾਂ ਵਿਚ ਬੇਨਿਯਮੀਆਂ ਨੂੰ ਰੋਕਣ ਲਈ ਉਪਲ ਨੇ ਕਿਹਾ ਕਿ ਪਿਛਲੇ ਸਾਲ ਦੇ ਦੌਰਾਨ ਵਿਜੀਲੈਂਸ ਨੇ ਰਾਜ ਵਿੱਚ ਕਈ ਥਾਂਈ ਅਚਨਚੇਤ ਚੈਕਿੰਗ ਕੀਤੀ ਜਿਸ ਵਿੱਚ ਮੁੱਖ ਤੌਰ 'ਤੇ ਪ੍ਰਾਈਵੇਟ ਬੱਸਾਂ ਦੇ ਗੈਰ ਕਾਨੂੰਨੀ ਢੰਗ ਨਾਲ ਚੱਲਣ, ਐਬੂਲੈਂਸਾਂ ਦੀ ਜਾਂਚ, ਹਾੜ੍ਹੀ ਅਤੇ ਸਾਉਣੀ ਮੌਸਮ ਦੇ ਦੌਰਾਨ ਅਨਾਜ ਮੰਡੀਆਂ ਦੀ ਪੜਤਾਲ ਸ਼ਾਮਲ ਹਨ। ਇਸ ਤੋਂ ਇਲਾਵਾ, ਵਿਦਿਅਕ ਸੰਸਥਾਵਾਂ, ਪੰਚਾਇਤਾਂ, ਗੈਰ ਸਰਕਾਰੀ ਸੰਗਠਨਾਂ ਨੂੰ ਦਫਤਰਾਂ ਵਿਚ ਭ੍ਰਿਸ਼ਟਾਚਾਰ ਬਾਰੇ ਜਾਗਰੂਕ ਕਰਨ ਲਈ ਸੈਮੀਨਾਰ, ਰੈਲੀਆਂ, ਰੇਡੀਓ ਭਾਸ਼ਣ, ਪੇਂਟਿੰਗ ਮੁਕਾਬਲੇ ਆਯੋਜਿਤ ਕੀਤੇ ਗਏ। ਵਿਜੀਲੈਂਸ ਜਾਗਰੂਕਤਾ ਹਫ਼ਤੇ ਦੌਰਾਨ ਪੈਂਫਲਟ ਵੀ ਵੰਡੇ ਗਏ ਅਤੇ ਬਿਊਰੋ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਸਰਕਾਰੀ ਕੰਮ ਕਰਨ ਸਬੰਧੀ ਸਹੁੰ ਚੁਕਾਈ ਗਈ।

ਵਿਜੀਲੈਂਸ ਮੁੱਖੀ ਨੇ ਜਨਤਾ ਅਤੇ ਈਮਾਨਦਾਰ ਸਰਕਾਰੀ ਮੁਲਾਜ਼ਮਾਂ ਨੂੰ ਰਾਜ ਵਿੱਚ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਮਦਦ ਕਰਨ ਲਈ ਕਿਹਾ ਹੈ ਅਤੇ ਬਿਊਰੋ ਨੂੰ ਟੋਲ ਫਰੀ ਹੈਲਪਲਾਈਨ 1800-1800-1000 'ਤੇ ਸੂਚਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਗੁਪਤ ਸੂਚਨਾ ਦੇਣ ਵਾਲਿਆਂ ਦੀ ਜਾਣਕਾਰੀ ਅਤੇ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।